ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਨੰ: 1, ਭਵਨ ਤੇ ਮਾਰਗ ਸ਼ਾਖਾ, ਪਟਿਆਲਾ

ਈ-ਮੇਲ eepd1ptapwdpb@gmail.com Ph. No. 0175-2356435

B-116A

118

ਵੱਲ

Principal,
Shivalik Public School,
S.S.T. Nagar, Rajpura Road, Patiala.

ਮੀਮੋ ਨੰਬਰ- 1805 ਮਿਤੀ-...11/5/22

ਵਿਸ਼ਾ- **ਸਕੂਲ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।**

ਹਵਾਲਾ- **ਆਪ ਦੇ ਸਕੂਲ ਦਾ ਕੇਸ ਨੰ SPS/PTA/141/2022 ਮਿਤੀ- 28.02.2022 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਦੇ ਸਬੰਧ ਵਿਚ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਨੰਬਰ 4, ਭਵਨ ਤੇ ਮਾਰਗ ਸ਼ਾਖਾ, ਪਟਿਆਲਾ ਵਲੋਂ ਮੁਆਇਨਾ ਕੀਤਾ ਗਿਆ। ਬਿਲਡਿੰਗ ਦੇਖਣ ਨੂੰ ਸੁਰੱਖਿਅਤ ਜਾਪਦੀ ਹੈ ਅਤੇ ਇਹ ਇਮਾਰਤ ਵਰਤਣਯੋਗ ਹੈ। ਇਸ ਲਈ ਆਪ ਨੂੰ ਇਹ ਸਕੂਲ ਸੇਫਟੀ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ। ਇਹ ਸਰਟੀਫਿਕੇਟ ਮਿਤੀ 31.03.2027 ਤੱਕ ਵੈਲਿਡ ਰਹੇਗਾ।

*ਸ਼ਰਤਾਂ-*

1. ਸਕੂਲ ਪ੍ਰਸ਼ਾਸਨ ਵਲੋਂ ਦਿੱਤੀ ਹੋਈ ਅੰਡਰਟੇਕਿੰਗ ਅਨੁਸਾਰ ਬਿਲਡਿੰਗ ਵਿਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਨਹੀਂ ਕੀਤੀ ਜਾਵੇਗੀ।
2. ਇਹ ਸਰਟੀਫਿਕੇਟ ਜਾਰੀ ਹੋਣ ਤੋ ਬਾਅਦ ਸਕੂਲ ਪ੍ਰਸ਼ਾਸਨ ਵੱਲੋਂ ਸਮੇਂ ਸਮੇਂ ਤੇ ਕਿਸੇ ਸੀਨੀਅਰ ਸਟਰਕਚਰ ਇੰਜੀਨੀਅਰ ਪਾਸੋਂ ਰੈਗੂਲਰ ਤੌਰ ਤੇ ਇੰਸਪੈਕਸ਼ਨ ਕਰਵਾਈ ਜਾਵੇਗੀ। ਜੇਕਰ ਕਿਸੇ ਵੀ ਸਮੇਂ ਬਿਲਡਿੰਗ ਦੀ ਦੀਵਾਰ/ਛੱਤ/ਕਾਲਮ ਆਦਿ ਵਿੱਚ ਕੋਈ ਤਰੇੜ ਨਜ਼ਰ ਆਉਂਦੀ ਹੈ ਤਾਂ ਸਟਰਕਚਰ ਇੰਜੀਨੀਅਰ ਦੀ ਮਦਦ ਨਾਲ ਬਿਨਾਂ ਕਿਸੇ ਦੇਰੀ ਤੋਂ ਲੋੜੀਂਦੀ ਮੁਰੰਮਤ ਕਰਵਾਈ ਜਾਵੇਗੀ ਅਤੇ ਇਸ ਵਿਭਾਗ ਨੂੰ ਸੂਚਿਤ ਕਰਨ ਲਈ ਸਕੂਲ ਪ੍ਰਸ਼ਾਸਨ ਪਾਬੰਦ ਹੋਵੇਗਾ ਅਤੇ ਜੇਕਰ ਬਿਲਡਿੰਗ ਵਿੱਚ ਕੋਈ ਵਾਧਾ ਕੀਤਾ ਜਾਂਦਾ ਹੈ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇ ਅਤੇ ਨਵੇਂ ਸਕੂਲ ਸੇਫਟੀ ਸਰਟੀਫਿਕੇਟ ਲਈ ਕੇਸ ਅਪਲਾਈ ਕੀਤਾ ਜਾਵੇ।
3. ਇਸ ਸਕੂਲ ਦਾ ਫਾਇਰ ਸੇਫਟੀ ਸਰਟੀਫਿਕੇਟ 23.02.2023 ਤੱਕ ਵੈਲਿਡ ਹੈ, ਇਹ ਸਕੂਲ ਸੇਫਟੀ ਸਰਟੀਫਿਕੇਟ 31.03.2027 ਤੱਕ ਇਸ ਸ਼ਰਤ ਤੇ ਵੈਲਿਡ ਰਹੇਗਾ ਕਿ ਸਕੂਲ ਪ੍ਰਸ਼ਾਸਨ ਵਲੋਂ ਨਿਸ਼ਚਿਤ ਮਿਤੀ ਤੋਂ ਪਹਿਲਾਂ ਫਾਇਰ ਸੇਫਟੀ ਸਰਟੀਫਿਕੇਟ ਰਿਨਿਊ ਕਰਵਾਕੇ ਇਸ ਦਫਤਰ ਵਿਖੇ ਜਮ੍ਹਾਂ ਕਰਵਾਉਣਾ ਪਵੇਗਾ। ਜੇਕਰ ਨਿਸ਼ਚਿਤ ਮਿਤੀ ਤੋਂ ਪਹਿਲਾਂ ਫਾਇਰ ਸੇਫਟੀ ਸਰਟੀਫਿਕੇਟ ਜਮਾਂ ਨਹੀਂ ਕਰਵਾਇਆ ਜਾਂਦਾ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ।
4. ਸਕੂਲ ਬਿਲਡਿੰਗ ਤੱਕ ਰਸਤਾ ਜੇਕਰ ਲਿਆ ਜਾਂਦਾ ਹੈ ਤਾਂ ਇਸ ਦੀ ਪ੍ਰੋਪਰ ਮੰਨਜੂਰੀ ਸਬੰਧਤ ਵਿਭਾਗ ਤੋ ਲੈਣੀ ਯਕੀਨੀ ਬਣਾਈ ਜਾਵੇ।
5. ਸੜਕ ਤੋ ਸਕੂਲ ਤੱਕ ਅਤੇ ਸੜਕ ਕਰੋਸਿੰਗ ਲਈ ਲੋੜੀਂਦੇ ਪ੍ਰਬੰਧ ਸਹੀ ਢੰਗ ਨਾਲ ਕੀਤੇ ਜਾਣ ਅਤੇ ਲੋੜੀਂਦੇ ਨਿਸ਼ਾਨ ਚਿੰਨ ਅਤੇ ਨਿਸ਼ਾਨ ਬੋਰਡ ਆਪਣੇ ਪੱਧਰ ਤੇ ਲਗਾਉਣੇ ਯਕੀਨੀ ਬਣਾਇਆ ਜਾਵੇ।
6. ਪਾਰਕਿੰਗ ਲਈ ਇੰਤਜਾਮ ਸਕੂਲ ਅਥਾਰਟੀ ਆਪਣੇ ਪੱਧਰ ਤੇ ਕਰੇਗੀ ਜਿਸ ਨਾਲ ਪਬਲਿਕ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀ ਆਉਣੀ ਚਾਹੀਦੀ।
7. ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋ ਜਾਰੀ ਸਕੂਲ ਬੱਸਾਂ ਵਿੱਚ ਸੁਰਖਿਆ ਸਬੰਧੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
8. ਇਹ ਸਰਟੀਫਿਕੇਟ ਜਾਰੀ ਹੋਣ ਤੋਂ ਬਾਅਦ ਜੇਕਰ ਬਿਲਡਿੰਗ ਵਿਚ ਕੋਈ ਵਾਧਾ ਕੀਤਾ ਜਾਂਦਾ ਹੈ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇ ਅਤੇ ਸਕੂਲ ਪ੍ਰਸ਼ਾਸਨ ਵਲੋਂ ਨਵਾਂ ਸਕੂਲ ਸੇਫਟੀ ਸਰਟੀਫਿਕੇਟ ਅਪਲਾਈ ਕੀਤਾ ਜਾਵੇ।
9. ਜੇਕਰ ਉਪਰੋਕਤ ਦਿੱਤੀਆਂ ਹਦਾਇਤਾਂ/ਕੰਡੀਸ਼ਨਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ।

11/5/22
ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰਬਰ 1,
ਲੋ.ਨਿ.ਵਿ.,ਭ ਤੇ ਮ ਸ਼ਾਖਾ, ਪਟਿਆਲਾ।

ਪਿੱਠ ਅੰਕਣ ਨੰਬਰ- 1806 ਮਿਤੀ-....11/5/22

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ ਪ੍ਰਾਂਤਕ ਉਪ ਮੰਡਲ ਨੰਬਰ 4, ਭਵਨ ਤੇ ਮਾਰਗ ਸ਼ਾਖਾ, ਪਟਿਆਲਾ ਨੂੰ ਉਨਾਂ ਦੇ ਪੱਤਰ ਨੰ- 95 ਮਿਤੀ- 29.04.2022 ਦੇ ਹਵਾਲੇ ਵਿਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

11/5/22
ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰਬਰ 1,
ਲੋ.ਨਿ.ਵਿ.,ਭ ਤੇ ਮ ਸ਼ਾਖਾ, ਪਟਿਆਲਾ।